## ਆਪਣੀ ਸੁਣਵਾਈ ਲਈ ਤਿਆਰ ਹੋਣਾ ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਨੂੰ ਜਾਣਨਾ ਚਾਹੀਦਾ ਹੈ ਕਿ:

ਟ੍ਰਿਬਿਊਨਲ ਮਨਿਸਟਰੀ ਨਹੀਂ ਹੈ। ਆਪਣੀ ਅਪੀਲ ਬਾਰੇ ਤੁਹਾਡੇ ਲਈ ਟ੍ਰਿਬਿਊਨਲ ਨਾਲ ਸੰਪਰਕ ਕਰਨਾ ਜ਼ਰੂਰੀ ਹੈ ਮਨਿਸਟਰੀ ਨਾਲ ਨਹੀਂ।

ਟ੍ਰਿਬਿਊਨਲ ਸਿਰਫ ਇਹ ਫੈਸਲਾ ਕਰ ਸਕਦਾ ਹੈ ਕਿ ਕੀ ਮਨਿਸਟਰੀ ਦਾ ਫੈਸਲਾ ਵਾਜਬ ਸੀ। ਇਸ ਵਾਸਤੇ ਟੈੱਸਟ, ਕਾਨੂੰਨ ਵਿਚ ਦੱਸਿਆ ਗਿਆ ਹੈ:

ਕੀ ਮਨਿਸਟਰੀ ਦਾ ਫੈਸਲਾ ਤੁਹਾਡੇ ਹਾਲਾਤ ਵਿਚ ਕਾਨੂੰਨ ਨੂੰ ਵਾਜਬ ਤੌਰ ’ਤੇ ਲਾਗੂ ਕਰਦਾ ਹੈ ਜਾਂ ਕੀ ਤੱਥ **ਵਾਜਬ ਤੌਰ ’ਤੇ** ਫੈਸਲੇ ਦੀ ਹਿਮਾਇਤ ਕਰਦੇ ਹਨ।

**ਮਦਦ ਦੀ ਲੋੜ ਹੈ?**

## ਤੁਹਾਨੂੰ ਇਹ ਇਕੱਲੇ ਕਰਨ ਦੀ ਲੋੜ ਨਹੀਂ ਹੈ

ਤੁਸੀਂ ਸੁਣਵਾਈ ’ਤੇ ਆਪਣੇ ਨਾਲ ਆਉਣ ਲਈ ਪਰਿਵਾਰ ਦੇ ਕਿਸੇ ਮੈਂਬਰ, ਕਿਸੇ ਦੋਸਤ, ਜਾਂ ਕਿਸੇ ਐਡਵੋਕੇਟ ਨੂੰ ਕਹਿ ਸਕਦੇ ਹੋ। ਜੇ ਤੁਹਾਨੂੰ ਕੋਈ ਐਡਵੋਕੇਟ (ਵਕੀਲ) ਲੱਭਣ ਵਿਚ ਮਦਦ ਦੀ ਲੋੜ ਹੋਵੇ ਤਾਂ ਤੁਸੀਂ ਪੋਵਨੈੱਟ ਦੇ ਵੈੱਬਸਾਈਟ ਉੱਪਰ ਲੱਭ ਸਕਦੇ ਹੋ: www.povnet.org. ਇਸ ਵੈੱਬਸਾਈਟ ਉੱਪਰ ਤੁਹਾਡੇ ਨੇੜੇ ਦੇ ਐਡਵੋਕੇਟਸ ਦੀ ਲਿਸਟ ਹੈ। ਜੇ ਤੁਸੀਂ ਆਪਣੀ ਮਦਦ ਲਈ ਕਿਸੇ ਨੂੰ ਲੱਭ ਲਿਆ ਹੈ ਤਾਂ ਰਿਲੀਜ਼ ਔਫ ਇਨਫਰਮੇਸ਼ਨ ਫਾਰਮ ਭਰੋ ਅਤੇ ਸਾਨੂੰ ਭੇਜੋ। ਇਹ ਫਾਰਮ ਸਾਨੂੰ ਇਹ ਪਤਾ ਲਾਉਂਦਾ ਹੈ ਕਿ ਇਸ ਵਿਅਕਤੀ ਨੂੰ ਤੁਹਾਡੇ ਲਈ ਬੋਲਣ ਲਈ ਤੁਹਾਡੀ ਆਗਿਆ ਹੈ। ਤੁਸੀਂ ਇਹ ਫਾਰਮ ਟ੍ਰਿਬਿਊਨਲ ਨੂੰ ਫੋਨ ਕਰਕੇ ਜਾਂ ਇਸ ਦੇ ਵੈੱਬਸਾਈਟ ਤੋਂ ਲੈ ਸਕਦੇ ਹੋ।

## ਦੋਭਾਸ਼ੀਏ ਅਤੇ ਹੋਰ ਮਦਦ

ਜੇ ਤੁਹਾਨੂੰ ਆਪਣੀ ਸੁਣਵਾਈ ਲਈ ਦੋਭਾਸ਼ੀਏ (ਇੰਟਰਪਰੇਟਰ) ਦੀ ਜਾਂ ਹੋਰ ਮਦਦਾਂ ਦੀ ਲੋੜ ਹੋਵੇ ਤਾਂ ਸਾਨੂੰ ਦੱਸੋ (ਜਿਵੇਂ ਸੁਣਵਾਈ ਕਰਨ ਵਾਲਾ ਅਜਿਹਾ ਰੂਮ ਜਿਸ ਵਿਚ ਵੀਲਚੇਅਰ ਜਾ ਸਕਦੀ ਹੋਵੇ, ਪੜ੍ਹਨ ਵਿਚ ਮਦਦ, ਆਦਿ)। ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰਾਂਗੇ।

## ਸੁਣਵਾਈ ਦੀਆਂ ਕਿਸਮਾਂ

ਤੁਸੀਂ ਆਪਣੀ ਸੁਣਵਾਈ ਮਿਲ ਕੇ, ਟੈਲੀ-ਕਾਨਫਰੰਸ ਰਾਹੀਂ, ਵੀਡਿਓ-ਕਾਨਫਰੰਸ ਰਾਹੀਂ ਜਾਂ ਲਿਖਤੀ ਰੂਪ ਵਿਚ ਕਰ ਸਕਦੇ ਹੋ। ਤੁਹਾਡੇ ਵਲੋਂ ਦੱਸੀ ਗਈ ਸੁਣਵਾਈ ਦੀ ਕਿਸਮ ਲਈ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰਾਂਗੇ। ਕਦੇ ਕਦੇ ਅਸੀਂ ਅਜਿਹਾ ਕਰਨ ਦੇ ਅਯੋਗ ਹੁੰਦੇ ਹਾਂ।

ਜੇ ਇਹ ਕੇਸ ਹੋਵੇ ਤਾਂ ਅਸੀਂ ਤੁਹਾਨੂੰ ਦੱਸਾਂਗੇ। ਬਹੁਤੇ ਕੇਸਾਂ ਵਿਚ ਟ੍ਰਿਬਿਊਨਲ ਦੇ ਤਿੰਨ ਮੈਂਬਰਾਂ ਦਾ ਇਕ ਪੈਨਲ ਤੁਹਾਡੀ ਅਪੀਲ ਦੀ ਸੁਣਵਾਈ ਕਰੇਗਾ।

ਸੁਣਵਾਈ ਦੀਆਂ ਚਾਰ ਵੱਖ ਵੱਖ ਕਿਸਮਾਂ ਹਨ:

### ਲਿਖਤੀ ਸੁਣਵਾਈ

ਲਿਖਤੀ ਸੁਣਵਾਈ ਉਹ ਸੁਣਵਾਈ ਹੈ ਜਿਹੜੀ ਲਿਖਤੀ ਦਲੀਲਾਂ ਅਤੇ ਸਬੂਤਾਂ ਦੇ ਤਬਾਦਲੇ ਨਾਲ ਕੀਤੀ ਜਾਂਦੀ ਹੈ। ਤੁਹਾਡੇ ਵਲੋਂ ਸਾਨੂੰ ਭੇਜੀ ਗਈ ਕੋਈ ਵੀ ਸਾਮੱਗਰੀ, ਟ੍ਰਿਬਿਊਨਲ ਮਨਿਸਟਰੀ ਨੂੰ ਭੇਜੇਗਾ, ਅਤੇ ਉਹ ਇਸ ਦਾ ਜਵਾਬ ਲਿਖਤੀ ਰੂਪ ਵਿਚ ਦੇਣਗੇ। ਟ੍ਰਿਬਿਊਨਲ ਵਲੋਂ ਮਨਿਸਟਰੀ ਨੂੰ ਭੇਜੀ ਗਈ ਕਿਸੇ ਵੀ ਚੀਜ਼ ਦੀ ਕਾਪੀ ਤੁਹਾਨੂੰ ਮਿਲੇਗੀ। ਪੈਨਲ ਉਨ੍ਹਾਂ ਡਾਕੂਮੈਂਟਸ (ਪੇਪਰਾਂ) ਦੀ ਘੋਖ ਕਰੇਗਾ ਜਿਹੜੇ ਮਨਿਸਟਰੀ ਕੋਲ ਆਪਣਾ ਫੈਸਲਾ ਕਰਨ ਵੇਲੇ ਸਨ। ਪੈਨਲ ਦੋਨਾਂ ਧਿਰਾਂ ਵਲੋਂ ਦਰਜ ਕਰਵਾਈ ਗਈ ਕਿਸੇ ਨਵੀਂ ਸਾਮੱਗਰੀ ਦੀ ਵੀ ਘੋਖ ਕਰੇਗਾ। ਪੈਨਲ ਤੁਹਾਡੇ ਨਾਲ, ਕਿਸੇ ਵੀ ਗਵਾਹ ਨਾਲ ਜਾਂ ਮਨਿਸਟਰੀ ਨਾਲ ਗੱਲ ਨਹੀਂ ਕਰੇਗਾ। ਸਾਮੱਗਰੀ ਦੀ ਪੜਚੋਲ ਕਰਨ ਤੋਂ ਬਾਅਦ, ਪੈਨਲ ਆਪਣਾ ਫੈਸਲਾ ਕਰੇਗਾ। ਅਸੀਂ ਤੁਹਾਨੂੰ ਇਕ ਚਿੱਠੀ ਭੇਜਾਂਗੇ ਜਿਸ ਵਿਚ ਆਪਣੇ ਸਬੂਤ ਅਤੇ ਦਲੀਲਾਂ ਭੇਜਣ ਦੇ ਸਮੇਂ ਦਰਜ ਹੋਣਗੇ।

### ਮਿਲ ਕੇ ਸੁਣਵਾਈ

ਮਿਲ ਕੇ ਸੁਣਵਾਈ ਉਹ ਸੁਣਵਾਈ ਹੈ ਜਿੱਥੇ ਦੋਨੋਂ ਧਿਰਾਂ ਅਤੇ ਅਪੀਲ ਸੁਣ ਰਹੇ ਪੈਨਲ ਮੈਂਬਰ ਨਿੱਜੀ ਰੂਪ ਵਿਚ ਮਿਲਦੇ ਹਨ। ਸੁਣਵਾਈ ਵਿਚ, ਪੈਨਲ ਦੋਨਾਂ ਧਿਰਾਂ ਅਤੇ ਜੇ ਕੋਈ ਗਵਾਹ ਹੋਣ ਤਾਂ ਉਨ੍ਹਾਂ ਨੂੰ ਸੁਣੇਗਾ। ਪੈਨਲ ਟ੍ਰਿਬਿਊਨਲ ਨੂੰ ਭੇਜੀ ਗਈ ਕਿਸੇ ਵੀ ਸਾਮੱਗਰੀ ਜਾਂ ਦਲੀਲਾਂ ’ਤੇ ਵੀ ਵਿਚਾਰ ਕਰੇਗਾ। ਤੁਹਾਨੂੰ ਮਨਿਸਟਰੀ ਦੇ ਨੁਮਾਇੰਦੇ ਨੂੰ ਸਵਾਲ ਪੁੱਛਣ ਦਾ ਮੌਕਾ ਮਿਲੇਗਾ। ਤੁਹਾਨੂੰ ਮਨਿਸਟਰੀ ਦੇ ਨੁਮਾਇੰਦੇ ਦੇ ਸਵਾਲਾਂ ਦੇ ਜਵਾਬ ਵੀ ਦੇਣੇ ਪੈ ਸਕਦੇ ਹਨ। ਪੈਨਲ ਮੈਂਬਰ ਵੀ ਤੁਹਾਨੂੰ ਸਵਾਲ ਪੁੱਛ ਸਕਦੇ ਹਨ। ਮਨਿਸਟਰੀ ਦਾ ਨੁਮਾਇੰਦਾ ਜਾਂ ਪੈਨਲ ਦਾ ਕੋਈ ਮੈਂਬਰ ਸੁਣਵਾਈ ਵਿਚ ਟੈਲੀਫੋਨ ਰਾਹੀਂ ਸ਼ਾਮਲ ਹੋ ਸਕਦੇ ਹਨ। ਸੁਣਵਾਈ ਤੋਂ ਬਾਅਦ, ਪੈਨਲ ਆਪਣਾ ਫੈਸਲਾ ਕਰੇਗਾ। ਅਸੀਂ ਤੁਹਾਨੂੰ ਮਿਲ ਕੇ ਕੀਤੀ ਜਾਣ ਵਾਲੀ ਸੁਣਵਾਈ ਦੇ ਸਮੇਂ ਅਤੇ ਸਥਾਨ ਬਾਰੇ ਦੱਸਦੀ ਹੋਈ ਇਕ ਚਿੱਠੀ ਭੇਜਾਂਗੇ।

### ਟੈਲੀਕਾਨਫਰੰਸ ਰਾਹੀਂ ਸੁਣਵਾਈ

ਟੈਲੀਕਾਨਫਰੰਸ ਰਾਹੀਂ ਸੁਣਵਾਈ ਉਹ ਸੁਣਵਾਈ ਹੈ ਜਿਹੜੀ ਟੈਲੀਫੋਨ ’ਤੇ ਕੀਤੀ ਜਾਂਦੀ ਹੈ। ਸੁਣਵਾਈ ਵਿਚ, ਪੈਨਲ ਦੋਨਾਂ ਧਿਰਾਂ ਅਤੇ ਜੇ ਕੋਈ ਗਵਾਹ ਹੋਣ ਤਾਂ ਉਨ੍ਹਾਂ ਨੂੰ ਸੁਣੇਗਾ। ਉਹ ਕਿਸੇ ਵੀ ਉਸ ਲਿਖਤੀ ਸਾਮੱਗਰੀ ਜਾਂ ਦਲੀਲਾਂ ’ਤੇ ਵੀ ਵਿਚਾਰ ਕਰੇਗਾ ਜਿਹੜੀਆਂ ਤੁਸੀਂ ਟ੍ਰਿਬਿਊਨਲ ਨੂੰ ਭੇਜੀਆਂ ਹਨ। ਤੁਸੀਂ ਮਨਿਸਟਰੀ ਦੇ ਨੁਮਾਇੰਦੇ ਨੂੰ ਸਵਾਲ ਵੀ ਪੁੱਛ ਸਕਦੇ ਹੋ। ਤੁਹਾਨੂੰ ਮਨਿਸਟਰੀ ਦੇ ਨੁਮਾਇੰਦੇ ਦੇ ਸਵਾਲਾਂ ਦੇ ਜਵਾਬ ਵੀ ਦੇਣੇ ਪੈ ਸਕਦੇ ਹਨ। ਪੈਨਲ ਮੈਂਬਰ ਵੀ ਤੁਹਾਨੂੰ ਸਵਾਲ ਪੁੱਛ ਸਕਦੇ ਹਨ। ਸੁਣਵਾਈ ਤੋਂ ਬਾਅਦ, ਪੈਨਲ ਆਪਣਾ ਫੈਸਲਾ ਕਰੇਗਾ। ਅਸੀਂ ਤੁਹਾਨੂੰ ਤੁਹਾਡੀ ਸੁਣਵਾਈ ਦੇ ਸਮੇਂ ਅਤੇ ਟੈਲੀਕਾਨਫਰੰਸ ਵਿਚ ਸ਼ਾਮਲ ਹੋਣ ਲਈ ਡਾਇਲ ਕੀਤੇ ਜਾਣ ਵਾਲੇ ਫੋਨ ਨੰਬਰ ਬਾਰੇ ਦੱਸਦੀ ਹੋਈ ਇਕ ਚਿੱਠੀ ਭੇਜਾਂਗੇ।

### ਵੀਡਿਓ-ਕਾਨਫਰੰਸ ਰਾਹੀਂ ਸੁਣਵਾਈ

ਵੀਡਿਓ-ਕਾਨਫਰੰਸ ਰਾਹੀਂ ਸੁਣਵਾਈ ਉਹ ਸੁਣਵਾਈ ਹੈ ਜਿਹੜੀ ਵੀਡਿਓ-ਕਾਨਫਰੰਸ ਰਾਹੀਂ ਕੀਤੀ ਜਾਂਦੀ ਹੈ। ਸੁਣਵਾਈ ਵਿਚ, ਪੈਨਲ ਦੋਨਾਂ ਧਿਰਾਂ ਅਤੇ ਜੇ ਕੋਈ ਗਵਾਹ ਹੋਣ ਤਾਂ ਉਨ੍ਹਾਂ ਨੂੰ ਸੁਣੇਗਾ। ਉਹ ਕਿਸੇ ਵੀ ਉਸ ਲਿਖਤੀ ਸਾਮੱਗਰੀ ਜਾਂ ਦਲੀਲਾਂ ’ਤੇ ਵੀ ਵਿਚਾਰ ਕਰੇਗਾ ਜਿਹੜੀਆਂ ਤੁਸੀਂ ਟ੍ਰਿਬਿਊਨਲ ਨੂੰ ਭੇਜੀਆਂ ਹਨ। ਤੁਸੀਂ ਮਨਿਸਟਰੀ ਦੇ ਨੁਮਾਇੰਦੇ ਨੂੰ ਸਵਾਲ ਵੀ ਪੁੱਛ ਸਕਦੇ ਹੋ। ਤੁਹਾਨੂੰ ਮਨਿਸਟਰੀ ਦੇ ਨੁਮਾਇੰਦੇ ਦੇ ਸਵਾਲਾਂ ਦੇ ਜਵਾਬ ਵੀ ਦੇਣੇ ਪੈ ਸਕਦੇ ਹਨ। ਪੈਨਲ ਮੈਂਬਰ ਵੀ ਤੁਹਾਨੂੰ ਸਵਾਲ ਪੁੱਛ ਸਕਦੇ ਹਨ। ਸੁਣਵਾਈ ਤੋਂ ਬਾਅਦ, ਪੈਨਲ ਆਪਣਾ ਫੈਸਲਾ ਕਰੇਗਾ। ਤੁਹਾਨੂੰ ਅਜਿਹੇ ਕੰਪਿਊਟਰ ਜਾਂ ਮੋਬਾਇਲ ਫੋਨ ਦੀ ਲੋੜ ਹੈ ਜਿਹੜਾ ਵੀਡਿਓ-ਕਾਨਫਰੰਸ ਕਰ ਸਕਦਾ ਹੋਵੇ। ਅਸੀਂ ਤੁਹਾਨੂੰ ਤੁਹਾਡੀ ਸੁਣਵਾਈ ਦੇ ਸਮੇਂ ਅਤੇ ਵੀਡਿਓ-ਕਾਨਫਰੰਸ ਵਿਚ ਸ਼ਾਮਲ ਹੋਣ ਲਈ ਲਿੰਕ ਦੀ ਈਮੇਲ ਭੇਜਾਂਗੇ।

## ਆਪਣੀ ਸੁਣਵਾਈ ਦੀ ਤਾਰੀਕ ਬਦਲਣ ਦੀ ਲੋੜ ਹੈ ਜਾਂ ਤੁਸੀਂ ਹੁਣ ਸੁਣਵਾਈ ਨਹੀਂ ਚਾਹੁੰਦੇ?

### ਆਪਣੀ ਸੁਣਵਾਈ ਅਗਾਂਹ ਦੀ ਤਾਰੀਕ ’ਤੇ ਪਾਉਣਾ – ਅੱਗੇ ਪਾਉਣਾ

ਜੇ ਤੁਸੀਂ ਸੁਣਵਾਈ ਵਿਚ ਨਾ ਸ਼ਾਮਲ ਹੋ ਸਕਦੇ ਹੋਵੋ ਜਾਂ ਜੇ ਤੁਹਾਨੂੰ ਤਿਆਰ ਹੋਣ ਲਈ ਹੋਰ ਸਮੇਂ ਦੀ ਲੋੜ ਹੋਵੇ ਤਾਂ ਤੁਸੀਂ ਸਾਨੂੰ ਆਪਣੀ ਸੁਣਵਾਈ ਬਾਅਦ ਦੀ ਕਿਸੇ ਤਾਰੀਕ ’ਤੇ ਕਰਨ ਲਈ ਕਹਿ ਸਕਦੇ ਹੋ। ਇਹ ਬੇਨਤੀ ਕਰਨ ਲਈ ਤੁਹਾਨੂੰ ਅਪੀਲ ਅਡਜਰਨਮੈਂਟ ਰਿਕੁਐਕਸਟ ਫਾਰਮ ਭਰਨ ਅਤੇ ਟ੍ਰਿਬਿਊਨਲ ਨੂੰ ਭੇਜਣ ਦੀ ਲੋੜ ਹੈ। ਟ੍ਰਿਬਿਊਨਲ ਫਿਰ ਇਹ ਫਾਰਮ ਮਨਿਸਟਰੀ ਅਤੇ ਟ੍ਰਿਬਿਊਨਲ ਚੇਅਰ ਨੂੰ ਉਨ੍ਹਾਂ ਦੀ ਸਹਿਮਤੀ ਲੈਣ ਲਈ ਭੇਜੇਗਾ।

ਜੇ ਅਜਿਹਾ ਤੁਹਾਡੀ ਸੁਣਵਾਈ ਦੀ ਰੱਖੀ ਹੋਈ ਤਾਰੀਕ ਤੋਂ ਇਕ ਕਾਰੋਬਾਰੀ ਦਿਨ ਨਾਲੋਂ ਘੱਟ ਸਮਾਂ ਪਹਿਲਾਂ ਹੁੰਦਾ ਹੈ ਤਾਂ ਤੁਹਾਡੇ ਲਈ ਸੁਣਵਾਈ ਵਿਚ ਜਾਣਾ ਜ਼ਰੂਰੀ ਹੈ। ਤੁਸੀਂ ਸੁਣਵਾਈ ਵਿਖੇ ਸੁਣਵਾਈ ਨੂੰ ਅੱਗੇ ਪਾਉਣ ਲਈ ਕਹਿ ਸਕਦੇ ਹੋ। ਇਹ ਪੈਨਲ ’ਤੇ ਨਿਰਭਰ ਕਰਦਾ ਹੈ ਕਿ ਕੀ ਉਹ ਤੁਹਾਡੀ ਬੇਨਤੀ ਨਾਲ ਸਹਿਮਤ ਹੋਣਗੇ ਜਾਂ ਨਹੀਂ।

### ਆਪਣੀ ਸੁਣਵਾਈ ਨਾ ਕਰਵਾਉਣਾ – ਆਪਣੀ ਅਪੀਲ ਰੱਦ ਕਰਵਾਉਣਾ

ਫੈਸਲਾ ਕੀਤੇ ਜਾਣ ਤੋਂ ਪਹਿਲਾਂ ਕਿਸੇ ਵੀ ਸਮੇਂ ਤੁਸੀਂ ਇਹ ਬੇਨਤੀ ਕਰ ਸਕਦੇ ਹੋ ਕਿ ਟ੍ਰਿਬਿਊਨਲ ਤੁਹਾਡੀ ਅਪੀਲ ਰੱਦ ਕਰ ਦੇਵੇ। ਜੇ ਅਜਿਹਾ ਹੁੰਦਾ ਹੈ ਤਾਂ ਟ੍ਰਿਬਿਊਨਲ ਤੁਹਾਡੀ ਅਪੀਲ ਬਾਰੇ ਕੋਈ ਫੈਸਲਾ ਨਹੀਂ ਕਰੇਗਾ। ਇਹ ਬੇਨਤੀ ਕਰਨ ਲਈ, ਤੁਹਾਨੂੰ ਕੌਨਸੈਂਟ ਟੂ ਡਿਸਮਿਸ ਅਪੀਲ ਫਾਰਮ ਭਰਨ ਅਤੇ ਟ੍ਰਿਬਿਊਨਲ ਨੂੰ ਭੇਜਣ ਦੀ ਲੋੜ ਹੈ। ਟ੍ਰਿਬਿਊਨਲ ਫਿਰ ਇਹ ਫਾਰਮ ਬੇਨਤੀ ਲਈ ਸਹਿਮਤੀ ਲੈਣ ਲਈ ਮਨਿਸਟਰੀ ਨੂੰ ਭੇਜੇਗਾ।

## ਆਪਣੀ ਸੁਣਵਾਈ ਲਈ ਤਿਆਰ ਹੋਣ ਬਾਰੇ ਨਿਸ਼ਾਨ ਲਾਉਣ ਵਾਲੀ ਲਿਸਟ ✔

- ☐ **ਅਪੀਲ ਦੇ ਰਿਕਾਰਡ ’ਤੇ ਵਿਚਾਰ ਕਰੋ** ਜਿਹੜਾ ਅਸੀਂ ਤੁਹਾਨੂੰ ਭੇਜਿਆ ਹੈ। ਇਸ ਰਿਕਾਰਡ ਵਿਚ ਉਹ ਸਾਮੱਗਰੀ ਸ਼ਾਮਲ ਹੈ ਜਿਹੜੀ ਮਨਿਸਟਰੀ ਕੋਲ ਆਪਣਾ ਫੈਸਲਾ ਕਰਨ ਵੇਲੇ ਸੀ।

- ☐ **ਮਨਿਸਟਰੀ ਦੇ ਫੈਸਲੇ ’ਤੇ ਵਿਚਾਰ ਕਰੋ** ਅਤੇ ਪੈਨਲ ਨੂੰ ਇਹ ਦੱਸਣ ਲਈ ਤਿਆਰੀ ਕਰੋ ਕਿ ਤੁਸੀਂ ਫੈਸਲੇ ਨਾਲ ਕਿਉਂ ਅਸਹਿਮਤ ਹੋ।

- ☐ **ਇਹ ਸੋਚੋ ਕਿ ਕੀ ਵਾਧੂ ਸਬੂਤ** ਤੁਹਾਡੇ ਕੇਸ ਦੀ ਮਦਦ ਕਰਨਗੇ।
  - * ਵਾਧੂ ਸਬੂਤ ਤੁਹਾਡੇ ਅਪੀਲ ਵਿਚਲੇ ਮੁੱਦਿਆਂ ਲਈ ਢੁਕਵੇਂ ਹੋਣੇ ਜ਼ਰੂਰੀ ਹਨ।

- ☐ **ਇਹ ਸੋਚੋ ਕਿ ਕੀ ਕੋਈ ਗਵਾਹ** ਤੁਹਾਡੇ ਕੇਸ ਦੀ ਮਦਦ ਕਰੇਗਾ।
  - * ਹਰ ਗਵਾਹ ਉਦੋਂ ਤੱਕ ਸੁਣਵਾਈ ਵਾਲੇ ਕਮਰੇ ਤੋਂ ਬਾਹਰ ਰਹੇਗਾ ਜਦ ਤੱਕ ਉਸ ਦੀ ਪੈਨਲ ਅੱਗੇ ਬੋਲਣ ਦੀ ਵਾਰੀ ਨਹੀਂ ਆ ਜਾਂਦੀ।
  - * ਉਸ ਤੋਂ ਬਾਅਦ ਉਹ ਕਮਰੇ ਤੋਂ ਬਾਹਰ ਜਾਣਗੇ ਭਾਵੇਂ ਤੁਸੀਂ ਉਨ੍ਹਾਂ ਨੂੰ ਉੱਥੇ ਰਹਿਣ ਲਈ ਵੀ ਕਹੋ।
  - * ਜੇ ਗਵਾਹ ਉੱਥੇ ਰਹਿੰਦਾ ਹੈ ਤਾਂ ਉਹ ਸਿਰਫ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਅਗਾਂਹ ਹੋਰ ਗਵਾਹੀ ਨਹੀਂ ਦੇ ਸਕਦਾ।

## www.eaat.ca ’ਤੇ ਟ੍ਰਿਬਿਊਨਲ ਦੇ ਵੈੱਬਸਾਈਟ ’ਤੇ ਜਾਣ ਲਈ ਇੰਟਰਨੈੱਟ ਦੀ ਵਰਤੋਂ ਕਰੋ:

- ☐ **ਉਸ ਕਾਨੂੰਨ ’ਤੇ ਵਿਚਾਰ ਕਰੋ** ਜਿਹੜਾ ਤੁਹਾਡੀ ਅਪੀਲ ’ਤੇ ਲਾਗੂ ਹੁੰਦਾ ਹੈ

- ☐ **ਹੋਰ ਫੈਸਲੇ ਪੜ੍ਹੋ** ਜਿਹੜੇ ਹੋਰ ਸੁਣਵਾਈਆਂ ਵਿਚ ਕੀਤੇ ਗਏ ਹਨ। ਹੋਰ ਫੈਸਲੇ ਪੜ੍ਹਨ ਨਾਲ ਤੁਹਾਨੂੰ ਇਹ ਗਿਆਨ ਹੋਵੇਗਾ ਕਿ ਟ੍ਰਿਬਿਊਨਲ ਨੇ ਹੋਰ ਕੇਸਾਂ ਵਿਚ ਕੀ ਫੈਸਲਾ ਕੀਤਾ ਹੈ। ਟ੍ਰਿਬਿਊਨਲ ਸ਼ਾਇਦ ਤੁਹਾਡੀ ਸੁਣਵਾਈ ਵਿਚ ਵੀ ਓਹੀ ਫੈਸਲਾ ਨਾ ਕਰੇ ਕਿਉਂਕਿ ਹਰ ਕੇਸ ਵੱਖਰਾ ਹੁੰਦਾ ਹੈ।

- ☐ ਅਪੀਲ ਦੀ ਕਾਰਵਾਈ ਬਾਰੇ ਜ਼ਿਆਦਾ ਜਾਣਕਾਰੀ ਲਈ **ਟ੍ਰਿਬਿਊਨਲ ਦੇ ਅਮਲਾਂ ਅਤੇ ਤਰੀਕਿਆਂ ’ਤੇ ਵਿਚਾਰ ਕਰੋ**

- ☐ ਸੁਣਵਾਈ ਦੀ ਕਾਰਵਾਈ ਬਾਰੇ ਜਾਣਨ ਲਈ **ਵੀਡਿਓਜ਼ ਦੇਖੋ**

- ☐ ਟ੍ਰਿਬਿਊਨਲ ਦੇ ਫਾਰਮ **ਡਾਊਨਲੋਡ** ਕਰੋ

*** ਆਪਣੀ ਸੁਣਵਾਈ ਬਾਰੇ ਟ੍ਰਿਬਿਊਨਲ ਤੋਂ ਮਿਲਣ ਵਾਲੀ ਜਾਣਕਾਰੀ ਲਈ ਆਪਣੇ ਮੇਲਬੌਕਸ ਜਾਂ ਇਨਬੌਕਸ ’ਤੇ ਨਿਗ੍ਹਾ ਰੱਖੋ।**

ਜੇ ਤੁਸੀਂ ਇਸ ਚੀਜ਼ ਬਾਰੇ ਆਪਣਾ ਮਨ ਬਦਲ ਲਿਆ ਹੈ ਕਿ ਤੁਸੀਂ ਕਿਸ ਕਿਸਮ ਦੀ ਸੁਣਵਾਈ ਚਾਹੁੰਦੇ ਹੋ ਤਾਂ ਤਬਦੀਲੀ ਕਰਨ ਲਈ ਬੇਨਤੀ ਕਰਨਾ ਬਹੁਤਾ ਲੇਟ ਨਹੀਂ ਹੈ। ਅਜਿਹਾ ਕਰਨ ਲਈ, **ਰਿਕੁਐਸਟ ਟੂ ਚੇਂਜ਼ ਟਾਈਪ ਔਫ ਹੀਅਰਿੰਗ ਫਾਰਮ** ਭਰੋ ਅਤੇ ਇਹ ਟ੍ਰਿਬਿਊਨਲ ਨੂੰ ਭੇਜੋ। ਤੁਸੀਂ ਇਹ ਫਾਰਮ ਸਾਡੇ ਵੈੱਬਸਾਈਟ www.eaat.ca ਤੋਂ ਲੈ ਸਕਦੇ ਹੋ ਜਾਂ ਟ੍ਰਿਬਿਊਨਲ ਨੂੰ ਫੋਨ ਕਰਕੇ ਲੈ ਸਕਦੇ ਹੋ।

## ਤੁਹਾਡੀ ਸੁਣਵਾਈ ਤੋਂ ਬਾਅਦ

ਸੁਣਵਾਈ ਤੋਂ ਬਾਅਦ, ਪੈਨਲ ਆਪਣਾ ਫੈਸਲਾ ਕਰੇਗਾ ਅਤੇ ਅਸੀਂ ਤੁਹਾਨੂੰ ਉਸ ਦਾ ਲਿਖਤੀ ਫੈਸਲਾ ਭੇਜਾਂਗੇ। ਪੈਨਲ ਜਾਂ ਤਾਂ ਮਨਿਸਟਰੀ ਦੇ ਫੈਸਲੇ ਦੀ ਹਾਮੀ ਭਰੇਗਾ ਜਾਂ ਰੱਦ ਕਰੇਗਾ। ਹਾਮੀ ਭਰਨ ਤੋਂ ਮਤਲਬ ਹੈ ਕਿ ਮਨਿਸਟਰੀ ਦਾ ਫੈਸਲਾ ਕਾਇਮ ਰਹਿੰਦਾ ਹੈ। ਰੱਦ ਕਰਨ ਤੋਂ ਮਤਲਬ ਹੈ ਕਿ ਤੁਹਾਡੀ ਅਪੀਲ ਕਾਮਯਾਬ ਹੋ ਗਈ ਹੈ।

ਟ੍ਰਿਬਿਊਨਲ ਦੇ ਫੈਸਲੇ ਅੰਤਿਮ ਫੈਸਲੇ ਹਨ। ਆਪਣੀ ਸੁਣਵਾਈ ਬਾਰੇ ਜਾਂ ਫੈਸਲੇ ਬਾਰੇ ਜੇ ਤੁਹਾਡੀ ਕੋਈ ਸ਼ਿਕਾਇਤ ਹੋਵੇ ਤਾਂ ਤੁਹਾਡੇ ਕੋਲ ਤਿੰਨ ਚੋਣਾਂ ਹਨ:

1. ਜੂਡੀਸ਼ਲ ਰਿਵੀਊ – ਤੁਸੀਂ ਬੀ ਸੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਰਜ ਕਰਵਾ ਸਕਦੇ ਹੋ ਅਤੇ ਜੱਜ ਨੂੰ ਫੈਸਲੇ ਦਾ ਰਿਵੀਊ ਕਰਨ ਲਈ ਕਹਿ ਸਕਦੇ ਹੋ।

2. ਟ੍ਰਿਬਿਊਨਲ ਕੋਲ ਸ਼ਿਕਾਇਤ ਕਰੋ – ਤੁਸੀਂ ਟ੍ਰਿਬਿਊਨਲ ਚੇਅਰ ਨੂੰ ਫੋਨ ਕਰ ਸਕਦੇ ਹੋ ਜਾਂ ਲਿਖ ਸਕਦੇ ਹੋ।

3. ਓਮਬਡਜ਼ਪਰਸਨ ਦਾ ਦਫਤਰ – ਜੇ ਤੁਹਾਨੂੰ ਇਹ ਲੱਗਦਾ ਹੋਵੇ ਕਿ ਅਸੀਂ ਨਾਵਾਜਬ ਸੀ ਤਾਂ ਤੁਸੀਂ ਓਮਬਡਜ਼ਪਰਸਨ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹੋ।

## ਸੰਪਰਕ:


**Employment and Assistance Appeal Tribunal** British Columbia

☎ ਟੋਲ ਫ੍ਰੀ 1-866-557-0035
ਵਿਕਟੋਰੀਆ ਵਿਚ 250-356-6374

@ ਈਮੇਲ eaat@eaat.ca

ਵੈੱਬਸਾਈਟ www.eaat.ca


[Punjabi]

# ਆਪਣੀ ਸੁਣਵਾਈ ਲਈ ਤਿਆਰ ਹੋਵੋ

**ਇਸ ਬਰੋਸ਼ਰ ਵਿਚ ਤੁਸੀਂ ਅੱਗੇ ਦਿੱਤੀ ਜਾਣਕਾਰੀ ਦੇਖੋਗੇ:**

- ✔ **ਆਪਣੀ ਸੁਣਵਾਈ ਲਈ ਕਿਵੇਂ ਤਿਆਰ ਹੋਣਾ ਹੈ;**
- ✔ **ਸੁਣਵਾਈਆਂ ਦੀਆਂ ਕਿਸਮਾਂ ਜਿਹੜੀਆਂ ਤੁਸੀਂ ਲੈ ਸਕਦੇ ਹੋ;**
- ✔ **ਆਪਣੀ ਸੁਣਵਾਈ ਕਿਸੇ ਬਾਅਦ ਦੀ ਤਾਰੀਕ ’ਤੇ ਕਿਵੇਂ ਪਾਉਣੀ ਹੈ ਜਾਂ ਆਪਣੀ ਅਪੀਲ ਕਿਵੇਂ ਕੈਂਸਲ ਕਰਨੀ ਹੈ; ਅਤੇ**
- ✔ **ਤੁਹਾਡੀ ਸੁਣਵਾਈ ਤੋਂ ਬਾਅਦ ਕੀ ਹੁੰਦਾ ਹੈ।**


**Employment and Assistance Appeal Tribunal** British Columbia